## ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225 ਈ-227 ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ **dlobti.pblanguages@gmail.com**


ਵੱਲ

1. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)

ਜ਼ਿਲ੍ਹਾ ਬਠਿੰਡਾ।

ਪੱਤਰ ਨੰ:2023/109

ਮਿਤੀ, ਬਠਿੰਡਾ/ 08/02/2023

**ਵਿਸ਼ਾ:** **ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਰੈਲੀ ਕੱਢਣ ਸਬੰਧੀ।**

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜ਼ਿਲ੍ਹੇ ਦੇ ਸਮੂਹ ਪ੍ਰਾਈਵੇਟ ਸਕੂਲਾਂ ਨੂੰ ਜ਼ਿਲ੍ਹਾ ਭਾਸ਼ਾ ਦਫ਼ਤਰ, ਬਠਿੰਡਾ ਅਤੇ ਜ਼ਿਲ੍ਹਾ ਪ੍ਰਸ਼ਾਸਨ, ਬਠਿੰਡਾ ਵੱਲੋਂ ਪੰਜਾਬੀ ਮਾਂ-ਬੋਲੀ ਦੀ ਪ੍ਰਫੁੱਲਤਾ ਲਈ ਚਲਾਈ ਜਾ ਰਹੀ ਮੁਹਿੰਮ '**ਮੈਂ ਪੰਜਾਬੀ, ਬੋਲੀ ਪੰਜਾਬੀ**' ਨਾਲ ਜੁੜਨ ਲਈ ਲਿਖ ਦਿੱਤਾ ਜਾਵੇ। ਇਸ ਅਧੀਨ ਸਮੂਹ ਪ੍ਰਾਈਵੇਟ ਸਕੂਲ ਆਪਣੀ ਸਹੂਲਤ ਅਨੁਸਾਰ ਮਿਤੀ 10.02.2023 ਤੋਂ 17.02.2023 ਤੱਕ ਕਿਸੇ ਵੀ ਦਿਨ ਰੈਲੀ ਕੱਢ ਸਕਦੇ ਹਨ। ਰੈਲੀ ਲਈ ਸਲੋਗਨ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਭੇਜੇ ਜਾ ਰਹੇ ਹਨ। ਇਸ ਦੌਰਾਨ ਰੈਲੀ ਕੱਢਣ ਵਾਲੇ ਵਿਦਿਆਰਥੀ ਰਾਸਤੇ ਵਿੱਚ ਆਉਂਦੀਆਂ ਦੁਕਾਨਾਂ ਅਤੇ ਸੰਸਥਾਵਾਂ ਨੂੰ ਆਪਣੇ ਸ਼ਨਾਖਤੀ ਬੋਰਡ ਪਹਿਲ ਦੇ ਆਧਾਰ 'ਤੇ ਪੰਜਾਬੀ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਭਾਸ਼ਾ ਵਿੱਚ ਲਿਖਣ ਲਈ ਅਪੀਲ ਕਰਨਗੇ। ਸਕੂਲ ਇਹਨਾਂ ਰੈਲੀਆਂ ਦੀਆਂ ਤਸਵੀਰਾਂ/ਅਖ਼ਬਾਰਾਂ ਦੀਆਂ ਖ਼ਬਰਾਂ ਇਸ ਦਫ਼ਤਰ ਦੀ ਈ-ਮੇਲ dlobathinda227@gmail.com 'ਤੇ ਭੇਜਣਾ ਯਕੀਨੀ ਬਣਾਉਣਗੇ। ਜਿਹੜੇ ਪ੍ਰਾਈਵੇਟ ਸਕੂਲ ਪਹਿਲਾਂ ਹੀ ਜ਼ਿਲ੍ਹਾ ਭਾਸ਼ਾ ਦਫ਼ਤਰ ਨਾਲ ਮਿਲ ਕੇ ਰੈਲੀ ਕੱਢ ਚੁੱਕੇ ਹਨ ਉਨ੍ਹਾਂ ਨੂੰ ਦੋਬਾਰਾ ਰੈਲੀ ਕੱਢਣ ਦੀ ਜਰੂਰਤ ਨਹੀਂ ਹੈ।

ਧੰਨਵਾਦ ਸਹਿਤ।

ਵਿਸ਼ਵਾਸਪਾਤਰ

ਜ਼ਿਲ੍ਹਾ ਭਾਸ਼ਾ ਅਫ਼ਸਰ

ਬਠਿੰਡਾ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿੱਠਅੰਕਣ ਨੰ: ਏ-6/DSSE/2023/431 ਮਿਤੀ 08/02/2023

ਉਪਰੋਕਤ ਦਾ ਉਤਾਰਾ ਸਮੂਹ ਪ੍ਰਾਈਵੇਟ ਸਕੂਲ ਮੁਖੀਆਂ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਇਸ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

8/2/23

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ

# ਸਲੋਗਨ

ਗੁਰਮੁਖੀ ਨੂੰ ਦਿਲੀਂ ਵਸਾਈਏ
ਮਾਂ ਬੋਲੀ ਦਾ ਮਾਣ ਵਧਾਈਏ

ਪਹਿਲੇ 'ਤੇ ਗੁਰਮੁਖੀ ਲਿਖਾਵਾਂ
ਉਸ ਤੋਂ ਥੱਲੇ ਹੋਰ ਭਾਸ਼ਾਵਾਂ

ਆਪਣੀ ਬੋਲੀ ਆਪਣਾ ਮਾਣ
ਇਸ ਨਾਲ ਉੱਚੀ ਸਾਡੀ ਸ਼ਾਨ

ਇਹੋ ਕਿਧਰੇ ਹੋਰ ਨਾ ਥਿਆਵੇ
ਲੱਜ਼ਤ ਜੋ ਮਾਂ ਬੋਲੀ 'ਚੋਂ ਆਵੇ

ਮਾਂ ਬੋਲੀ ਹੈ ਕਿੰਨੀ ਪਿਆਰੀ
ਇਹ ਖ਼ਿਆਲਾਂ ਨੂੰ ਦਵੇ ਉਡਾਰੀ

Scanned with OKEN Scanner